# ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 24 ਅਪ੍ਰੈਲ 2024 ਦਿਨ ਬੁੱਧਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇੰਟਰਨੈਸ਼ਨਲ ਮਿਲੇਨੀਅਮ ਸਕੂਲ ਨੇ ਮਨਾਇਆ ਵਿਸ਼ਵ 'ਪੁਸਤਕ ਦਿਵਸ'

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 24 ਅਪ੍ਰੈਲ (/ਵਰਲਡ ਪੰਜਾਬੀ ਸਥਾਨਕ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਚੇਅਰਮੈਨ ਜਸਕਰਨ ਸਿੰਘ ਦੀ ਅਗਵਾਈ ਹੇਠ ਵਿਸ਼ਵ ਪੁਸਤਕ ਦਿਵਸ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਪੁਸਤਕ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਵਾਉਂਦਿਆਂ ਬੱਚਿਆਂ ਨੂੰ ਦੱਸਿਆ ਕਿ ਇਸ ਦਿਵਸ ਦਾ ਆਯੋਜਨ ਸੰਯੁਕਤ ਰਾਸ਼ਟਰ ਦੇ ਸਿੱਖਿਆ ਸੰਗਠਨ ਯੂਨੈਸਕੋ ਵਲੋਂ ਕੀਤਾ ਜਾਂਦਾ ਹੈ। ਜਿਸ ਦਾ ਉਦੇਸ਼ ਨੌਜਵਾਨਾਂ 'ਚ ਕਿਤਾਬਾਂ ਪੜਣ ਦੀ ਜਗਿਆਸਾ ਪੈਦਾ ਕਰਨਾ ਹੈ। ਮੈਡਮ ਕਾਜਲ ਨੇ ਬੱਚਿਆਂ ਨੂੰ ਦੱਸਿਆ ਕਿ ਪੁਸਤਕ ਦਿਵਸ ਹਰ ਸਾਲ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਨੂੰ ਵਿਸ਼ਵ ਪੁਸਤਕ ਦਿਵਸ, ਕਾਪੀਰਾਈਟ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਤਾਰੀਖ ਦਾ ਐਲਾਨ ਯੂਨੈਸਕੋ ਵੱਲੋਂ ਕਿਤਾਬਾਂ ਅਤੇ ਲੇਖਕਾਂ ਨੂੰ ਯਾਦ ਕਰਨ ਅਤੇ ਪੂਰੀ ਦੁਨੀਆਂ ਦਾ ਧਿਆਨ ਖਿੱਚਣ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਆਪਣੇ ਸੰਬੋਧਨ ਦੌਰਾਨ ਚੇਅਰਮੈਨ ਜਸਕਰਨ ਸਿੰਘ ਨੇ ਦੱਸਿਆ ਕਿ 23 ਅਪ੍ਰੈਲ ਵਿਸ਼ਵ ਸਾਹਿਤ ਲਈ ਇੱਕ ਮਹੱਤਵਪੂਰਨ ਤਾਰੀਖ ਹੈ, ਕਿਉਂਕਿ ਇਹ ਕਈ ਮਹਾਨ ਹਸਤੀਆਂ ਦੀ ਬਰਸੀ ਸੀ। ਪੁਸਤਕਾਂ ਅਤੇ ਲੇਖਕਾਂ ਨੂੰ ਯਾਦ ਕਰਨ ਦੇ ਮਕਸਦ ਨਾਲ ਇਸ ਤਰੀਕ ਦਾ ਐਲਾਨ ਕੀਤਾ ਗਿਆ ਸੀ। ਉਹਨਾ ਦੱਸਿਆ ਕਿ ਸ਼ੇਕਸਪੀਅਰ ਦੀ ਮੌਤ 23 ਅਪ੍ਰੈਲ 1616 ਨੂੰ ਹੋਈ ਸੀ। ਸ਼ੇਕਸਪੀਅਰ ਅਜਿਹਾ ਮਹਾਨ ਲੇਖਕ ਸੀ, ਜਿਸ ਦੀਆਂ ਰਚਨਾਵਾਂ ਦਾ ਦੁਨੀਆਂ ਦੀਆਂ ਜਿਆਦਾਤਰ ਭਾਸ਼ਾਵਾਂ 'ਚ ਅਨੁਵਾਦ ਹੋਇਆ। ਸ਼ੇਕਸਪੀਅਰ ਨੇ ਆਪਣੇ ਜੀਵਨ ਕਾਲ ਦੌਰਾਨ ਲਗਭਗ 35 ਨਾਟਕ ਅਤੇ 200 ਤੋਂ ਵੱਧ ਕਵਿਤਾਵਾਂ ਲਿਖੀਆਂ ਅਤੇ ਪਾਠਕ ਉਨਾਂ ਸਾਰੀਆਂ ਮਹਾਨ ਸਖਸ਼ੀਅਤਾਂ ਨੂੰ ਯਾਦ ਕਰਦੇ ਹਨ, ਜਿਨਾਂ ਨੇ ਆਪਣੇ ਜੀਵਨ ਕਾਲ ਦੌਰਾਨ ਸੰਸਾਰ ਨੂੰ ਅਨੇਕਾਂ ਨਾਮਵਰ ਕਾਰਜਾਂ ਦੀ ਬਖਸ਼ਿਸ ਕੀਤੀ ਸੀ। ਇਸ ਲਈ 23 ਅਪ੍ਰੈਲ ਨੂੰ ਵਿਸ਼ਵ ਪੁਸਤਕ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਵੀ ਹਾਜਰ ਸਨ।

## ਸਿਲਵਰ ਓਕਸ ਸਕੂਲ ਵਿਖੇ ਕਵਿਤਾ ਉਚਾਰਨ ਮੁਕਾਬਲੇ 'ਚ ਨੰਨ੍ਹੇ ਕਵੀਆਂ ਦਾ ਸ਼ਾਨਦਾਰ ਪ੍ਰਦਰਸ਼ਨ


ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 24 ਅਪ੍ਰੈਰਲ : ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਪ੍ਰਿੰਸੀਪਲ ਪ੍ਰਿਅੰਕਾ ਮਹਿਤਾ ਦੀ ਅਗਵਾਈ ਹੇਠ 'ਨੰਨ੍ਹੇ ਕਵੀ' ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ। ਜਿਸ 'ਚ ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਛੋਟੇ ਬੱਚਿਆਂ ਨੇ "ਧਰਤੀ ਦੀ ਮੁੜ ਸਥਾਪਨਾ" ਵਿਸ਼ੇ ਨਾਲ ਸਬੰਧਤ ਵੱਖ-ਵੱਖ




ਕਵਿਤਾਵਾਂ ਪੇਸ਼ ਕੀਤੀਆਂ। ਅਤੇ ਉਨ੍ਹਾਂ ਨੂੰ ਧਰਤੀ ਪ੍ਰਤੀ ਬੜੇ ਪਿਆਰ ਅਤੇ ਉਤਸ਼ਾਹ ਨਾਲ ਸੁਣਾਇਆ। ਇਹ ਮੁਕਾਬਲਾ ਵਿਦਿਆਰਥੀਆਂ 'ਚ ਸਟੇਜ 'ਤੇ ਪੇਸ਼ਕਾਰੀ ਦੀ ਕਲਾ ਨੂੰ ਵਿਕਸਿਤ ਕਰਨ ਲਈ ਕਰਵਾਇਆ ਗਿਆ। ਮੁਕਾਬਲੇ 'ਚ ਛੋਟੇ-ਛੋਟੇ ਬੱਚਿਆਂ ਨੇ ਸਟੇਜ 'ਤੇ ਆਪਣੇ ਕਵਿਤਾ ਗਾਇਨ ਦੇ ਜੌਹਰ ਦਿਖਾਏ। ਜੱਜ ਨੇ ਛੋਟੇ ਮੁਕਾਬਲੇਬਾਜਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਜੇਤੂ ਬੱਚਿਆਂ ਦੇ ਨਾਵਾਂ ਦਾ ਐਲਾਨ ਕੀਤਾ। ਜਿਸ 'ਚ ਐਲ.ਕੇ.ਜੀ. ਜਮਾਤ ਦੇ ਸੋਮਿਅਲ ਨੇ ਪਹਿਲਾ ਅਤੇ ਅਗਮਵੀਰ ਸਿੰਘ ਨੇ ਦੂਜਾ, ਯੂ.ਕੇ.ਜੀ. 'ਏ' ਜਮਾਤ 'ਚ ਵਨੀਤ ਕੌਰ ਨੇ ਪਹਿਲਾ, ਜਸਗੁਣ ਸਿੰਘ ਮੱਕੜ ਨੇ ਦੂਜਾ, ਯੂਕੇਜੀ 'ਬੀ' ਜਮਾਤ ਵਿੱਚ ਰਣਇੰਦਰ ਸਿੰਘ ਨੇ ਪਹਿਲਾ ਅਤੇ ਸਿਮਰਨਪ੍ਰੀਤ ਕੌਰ ਨੇ ਦੂਜਾ, ਜਮਾਤ ਪਹਿਲੀ 'ਚ ਹਨੀਤ ਕੌਰ ਨੇ ਪਹਿਲਾ ਨਵਪੁਨੀਤ ਕੌਰ ਅਤੇ ਗੁਰੂਸੋਹਵਤ ਨੇ ਦੂਜਾ ਅਤੇ ਜਮਾਤ ਦੂਜੀ 'ਚੋਂ ਸੀਆ ਬਾਂਸਲ ਨੇ ਪਹਿਲਾ ਅਤੇ ਏਕਮਵੀਰ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਪ੍ਰਿਅੰਕਾ ਮਹਿਤਾ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਭਵਿੱਖ 'ਚ ਵੀ ਅਜਿਹੀਆਂ ਗਤੀਵਿਧੀਆਂ 'ਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਵਿਸ਼ਵ ਪੁਸਤਕ ਦਿਹਾੜੇ ਤੇ ਵੱਡੀ ਪ੍ਰਾਪਤੀ-ਹੈਲੋ ! ਮੈਂ ਲਾਹੌਰ ਤੋਂ ਬੋਲਦਾਂ




ਵਰਲਡ ਪੰਜਾਬੀ ਟਾਈਮਜ਼ — ਸੁਖਚੈਨ ਸਿੰਘ ਕੁਰੜ

ਵਿਸ਼ਵ ਪੁਸਤਕ ਦਿਹਾੜੇ ਤੇ ਅੱਜ ਸਾਡੇ ਲਈ ਖ਼ੁਸ਼ੀ ਤੇ ਮਾਣ ਵਾਲੇ ਪਲ ਹਨ ਕਿ ਪੰਜਾਬੀ ਭਾਸ਼ਾ ਦੀ ਸਾਇਦ ਹੀ ਕੋਈ ਕਿਤਾਬ ਹੋਵੇਗੀ ਜਿਸ ਕਿਤਾਬ ਦੇ ਗਿਆਰਾਂ ਦਿਨਾਂ ਵਿੱਚ ਚਾਰ ਆਡੀਸ਼ਨ (10,000 ਕਾਪੀਆਂ) ਪ੍ਰਕਾਸ਼ਿਤ ਹੋਏ ਹੋਣ। ਇਹ ਪੁਸਤਕ ਇੱਕ ਪਾਕਿਸਤਾਨੀ ਸਫ਼ਰਨਾਮਾ ਹੈ, ਜਿਸ ਨੂੰ ਰੂਹਦਾਰੀ ਨਾਲ਼ ਲਿਖਿਆ ਗੁਰਵਿੰਦਰ ਸਿੰਘ ਗਿੱਲ (ਗੀਤਕਾਰੀ ਵਿੱਚ ਚਰਚਿਤ ਨਾਂ ਗਿੱਲ ਚੌਂਤਾ) ਜੋ ਪੂਰੀ ਦੁਨੀਆ ਵਿੱਚ ਆਪਣੀ ਗੀਤਕਾਰੀ ਸਦਕਾ ਪਹਿਲਾਂ ਹੀ ਵੱਡੀ ਪਹਿਚਾਣ ਬਣਾ ਚੁੱਕਾ ਹੈ।

ਗਿੱਲ ਰੌਂਤੇ ਦੀ ਇਹ ਪਹਿਲੀ ਕਿਤਾਬ ਹੈ ਜਿਸ ਦਾ ਨਾਂ 'ਹੈਲੋ ! ਮੈਂ ਲਾਹੌਰ ਤੋਂ ਬੋਲਦਾਂ' ਕਿਤਾਬ ਦਾ ਨਾਂ ਹੀ ਸੱਚਮੁਚ ਮਨ ਨੂੰ ਸਕੂਨ ਬਖ਼ਸ਼ਦਾ।

ਇਸ ਕਿਤਾਬ ਦੇ 12 ਅਪ੍ਰੈਲ ਤੋਂ 23 ਅਪ੍ਰੈਲ ਤੱਕ ਚਾਰ ਆਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਪਹਿਲਾ ਆਡੀਸ਼ਨ 12 ਅਪਰੈਲ ਨੂੰ 1000 ਕਾਪੀ ,ਦੂਜਾ ਆਡੀਸ਼ਨ 18 ਅਪਰੈਲ ਨੂੰ 1000 ਕਾਪੀ, ਤੀਜਾ ਆਡੀਸ਼ਨ
21 ਅਪਰੈਲ ਨੂੰ 4000 ਕਾਪੀ, ਚੌਥਾ ਆਡੀਸ਼ਨ 23 ਅਪਰੈਲ (ਅੱਜ ਵਿਸ਼ਵ ਪੁਸਤਕ ਦਿਹਾੜੇ ਤੇ) 4000 ਕਾਪੀ ਤੇ ਅੱਗੇ ਪੰਜਵਾਂ ਆਡੀਸ਼ਨ ਵੀ ਛਪਾਈ ਅਧੀਨ ਹੈ। ਕਿਤਾਬ ਦੇ ਆਡੀਸ਼ਨ ਛਪਦਿਆਂ ਹੀ ਕਿਤਾਬ ਦਾ ਹੱਥੋ ਹੱਥ ਵਿਕ ਜਾਣਾ। ਇਹ ਅੱਜ ਦੇ ਮੋਬਾਈਲ ਦੇ ਯੁੱਗ ਵਿੱਚ ਪੜ੍ਹਨ ਤੇ ਪੜ੍ਹਾਉਣ ਵਾਲਿਆਂ ਲਈ ਸਕੂਨ ਭਰੀ ਖ਼ਬਰ ਹੈ। ਗਿੱਲ ਰੌਂਤੇ ਦੀ ਕਲਮ ਦੀ ਦੂਜੀ ਵੱਡੀ ਪ੍ਰਾਪਤੀ ਇਹ ਹੈ ਕਿ ਨੌਜਵਾਨ ਵਰਗ ਇਸ ਕਿਤਾਬ ਨੂੰ ਆਪ ਮੁਹਾਰੇ ਖ਼ਰੀਦ ਕੇ ਪੜ੍ਹ ਰਿਹਾ ਹੈ। ਪਰਮਾਤਮਾ ਅੱਗੇ ਦੁਆ ਕਰਦੇ ਹਾਂ ਕਿ ਭਵਿੱਖ ਵਿੱਚ ਗਿੱਲ ਰੌਂਤੇ ਦੀ ਕਲਮ ਹੋਰ ਬੁਲੰਦੀਆਂ ਛੋਹੇ ਤੇ ਨੌਜਵਾਨ ਪੀੜ੍ਹੀ ਦੀ ਕਿਤਾਬਾਂ ਨਾਲ਼ ਇੰਝ ਹੀ ਸਾਂਝ ਬਣਾਈ ਰੱਖੇ।

## ਪੈਸੇਫਿਕ ਅਕੈਡਮੀ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 24 ਅਪ੍ਰੈਲ : ਪੈਸੇਫਿਕ ਅਕੈਡਮੀ ਦੇ ਗਿਆਰਵੀ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਇਹ ਸਾਰੇ ਵਿਦਿਆਰਥੀ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਆਏ ਸਨ।



ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਗਿਆ ਤੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਅਤੇ ਸਿਖ ਧਰਮ ਸੰਬੰਧੀ ਮੁਢਲੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਵਾਰੋ ਵਾਰੀ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪੋ ਆਪਣੇ ਸੁਆਲ ਵੀ ਪੁੱਛੇ। ਤੀਜੀ ਮੰਜ਼ਿਲ 'ਤੇ ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਦਰਬਾਰ ਹਾਲ ਵਿਚ ਪਹੁੰਚ ਕੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼, ਸੁੱਖਆਸਨ, ਕੀਰਤਨ ਤੇ ਦਰਬਾਰ ਹਾਲ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦੀ ਪ੍ਰਥਾ ਤੋਂ ਵੀ ਜਾਣੂੰ ਹੋਏ। ਉਪਰੰਤ ਸਾਰਿਆਂ ਨੇ ਲੰਗਰ ਛਕਿਆ ਅਤੇ ਸੇਵਾਦਾਰਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਸਕੂਲ ਲਈ ਵਾਪਸੀ ਕੀਤੀ।

ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਰੀ ਵਿਚ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦੇ ਮੌਕੇ

## ਡਰੀਮਲੈਂਡ ਪਬਲਿਕ ਸਕੂਲ ਵਿਖੇ ਮਨਾਇਆ ਗਿਆ 'ਧਰਤ ਦਿਵਸ'

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 24 ਅਪ੍ਰੈਰਲ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਵਿਖੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਦੀ ਰਹਿਨੁਮਾਈ ਹੇਠ 'ਧਰਤ ਦਿਵਸ' ਮਨਾਇਆ ਗਿਆ। ਇਸ ਦਿਵਸ ਨੂੰ ਸਮਰਪਿਤ ਸਕੂਲ ਵਿੱਚ ਚੱਲ ਰਹੇ ਚਾਰਾਂ ਹਾਊਸਾਂ ਦੇ ਵਿਦਿਆਰਥੀਆਂ ਵਿਚਕਾਰ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਧਰਤ



ਦਿਵਸ ਨੂੰ ਸਮਰਪਿਤ ਵੱਖ-ਵੱਖ ਤਰ੍ਹਾਂ ਦੀਆਂ ਪੇਂਟਿੰਗ ਤਿਆਰ ਕੀਤੀਆਂ ਗਈਆਂ। ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਨੂੰ ਧਰਤੀ ਮਾਂ ਦੀ ਸੰਭਾਲ ਕਰਨ ਲਈ ਜਾਗਰੂਕ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ ਵਰਗ 'ਚੋਂ ਹਰਮਨਪ੍ਰੀਤ ਕੌਰ ਨੇ ਪਹਿਲਾ, ਬਰਕਤਬਾਨੀ ਅਤੇ ਪ੍ਰਭਜੋਤ ਸਿੰਘ ਨੇ ਦੂਜਾ ਅਤੇ ਨਵਨੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਦੂਜੇ ਵਰਗ 'ਚੋਂ ਅਰੂਸ਼ੀ ਅਤੇ ਗੁਰਲੀਨ ਕੌਰ ਨੇ ਪਹਿਲਾ ਸਥਾਨ, ਮਨਜੋਤ ਕੌਰ ਅਤੇ ਅਨਮੋਲਪ੍ਰੀਤ ਸਿੰਘ ਨੇ ਦੂਜਾ, ਬਲਜੀਤ ਕੌਰ ਅਤੇ ਤਕਦੀਰ ਕੌਰ ਨੇ ਤੀਜਾ, ਤੀਜੇ ਵਰਗ ਵਿੱਚੋਂ ਵਰਲੀਨ ਕੌਰ ਅਤੇ ਕਮਲਪ੍ਰੀਤ ਕੌਰ ਨੇ ਪਹਿਲਾ, ਜੈਸਮੀਨ ਕੌਰ ਅਤੇ ਹਰਸ਼ਦੀਪ ਨੇ ਦੂਜਾ, ਖੁਸ਼ਪ੍ਰੀਤ ਅਤੇ ਖੁਸ਼ਮਨਦੀਪ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਰਾਕੇਸ਼ ਸ਼ਰਮਾ, ਮੈਡਮ ਨਵਪ੍ਰੀਤ ਸ਼ਰਮਾ ਅਤੇ ਮੈਡਮ ਰਾਜਵਿੰਦਰ ਕੌਰ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਹਨਾ ਵਿਦਿਆਰਥੀਆਂ ਨੂੰ ਧਰਤ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਧਰਤੀ ਮਾਤਾ ਦਾ ਦੇਣ ਅਸੀਂ ਕਦੇ ਨਹੀਂ ਦੇ ਸਕਦੇ।

## ਪੰਜਾਬ ਡਿਗਰੀ ਕਾਲਜ ਮਹਿਮੂਆਣਾ ਵਿੱਚ ਮਨਾਇਆ ਗਿਆ ਵਿਸ਼ਵ ਪੁਸਤਕ ਦਿਵਸ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ , 24 ਅਪ੍ਰੈਰਲ : ਪੰਜਾਬ ਡਿਗਰੀ ਕਾਲਜ ਮਹਿਮੂਆਣਾ ਵਿਖੇ ਸੰਸਥਾ ਦੇ ਡਾਇਰੈਕਟਰ ਡਾ. ਦੀਪਕ ਅਰੋੜਾ ਅਤੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਸਦਕਾ ਪੁਸਤਕ ਦਿਵਸ ਮਨਾਇਆ ਗਿਆ। ਜਿਸ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.




ਹਰਦੀਪ ਸਿੰਘ ਨੇ ਪੁਸਤਕਾਂ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਿਸ਼ਵ ਪੁਸਤਕ ਦਿਵਸ ਲੋਕਾਂ 'ਚ ਪੁਸਤਕਾਂ ਪੜ੍ਹਨ ਦੀ ਚੇਤਨਾ ਵਧਾਉਣ ਲਈ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਲਈ 23 ਅਪ੍ਰੈਲ ਦਾ ਦਿਨ ਇਸ ਕਾਰਨ ਚੁਣਿਆ ਗਿਆ ਕਿਉਂਕਿ ਇਸ ਦਿਨ ਕਈ ਵੱਡੇ ਲਿਖਾਰੀ ਜਿਵੇਂ ਕਿ ਵਿਲੀਅਮ ਸ਼ੇਕਸਪੀਅਰ ਅਤੇ ਮਿਗੂਏਰ ਡੀ ਸਰਵੈਂਟਸ ਦੀ ਬਰਸੀ ਹੁੰਦੀ ਹੈ। ਇਸ ਦਿਨ ਨੂੰ ਯੂਨੈਸਕੋ ਵੱਲੋਂ 1995 ਦੀ ਪੈਰਿਸ ਵਿਖੇ ਹੋ ਰਹੀ ਜਨਰਲ ਕਾਨਫ਼ਰੰਸ 'ਚ ਚੁਣਿਆ ਗਿਆ ਸੀ। ਉਪਰੰਤ ਬਾਰ੍ਹਵੀਂ ਜਮਾਤ ਹਿਊਮੈਨਟੀਜ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਪੁਸਤਕਾਂ ਦਾ ਸਾਡੇ ਮਨੁੱਖੀ ਜੀਵਨ 'ਚ ਬਹੁਤ ਮਹੱਤਵ ਹੁੰਦਾ ਹੈ। ਇਹ ਇਨਸਾਨਾਂ ਨੂੰ ਕਿਤਾਬੀ ਗਿਆਨ ਦੇਣ ਤੋਂ ਇਲਾਵਾ ਉਹਨਾ ਦਾ ਸਰਵ ਪੱਖੀ ਵਿਕਾਸ ਕਰਨ 'ਚ ਵੀ ਮੱਦਦ ਕਰਦੀਆਂ ਹਨ। ਉਪਰੰਤ ਵਿਦਿਆਰਥੀ ਬਬਨਪ੍ਰੀਤ ਸਿੰਘ ਨੇ ਵੀ ਕਿਹਾ ਕਿ ਪੁਸਤਕਾਂ ਪੜ੍ਹਨ ਦੇ ਨਾਲ ਹੀ ਅਸੀਂ ਆਪਣੀ ਜਿੰਦਗੀ ਵਿੱਚ ਮਿੱਥੇ ਹੋਏ ਟੀਚੇ ਉੱਪਰ ਪਹੁੰਚਣ ਦੇ ਯੋਗ ਹੋ ਸਕਦੇ ਹਾਂ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਕੂਲ ਇੰਚਾਰਜ ਪ੍ਰੋ. ਪ੍ਰੀਤਇੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਰਮਨਪ੍ਰੀਤ ਕੌਰ ਸਮੇਤ ਵਿਦਿਆਰਥੀ ਵੀ ਮੌਜੂਦ ਸਨ।